# Telephone Conversation between PM and Prime Minister of Ireland

April 22, 2020

………………………………………………………………………………………

## ਪ੍ਰਧਾਨ ਮੰਤਰੀ ਅਤੇ ਆਇਰਲੈਂਡ ਦੇ ਪ੍ਰਧਾਨ ਮੰਤਰੀ ਦਰਮਿਆਨ ਟੈਲੀਫੋਨ 'ਤੇ ਗੱਲਬਾਤ

22 ਅਪ੍ਰੈਲ, 2020

ਆਇਰਲੈਂਡ ਦੇ ਪ੍ਰਧਾਨ ਮੰਤਰੀ ਮਹਾਮਹਿਮ ਡਾ. ਲਿਓ ਵਰਾਡਕਰ ਨਾਲ ਅੱਜ ਟੈਲੀਫੋਨ 'ਤੇ ਹੋਈ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਨੇ ਕੋਵਿਡ -19 ਮਹਾਂਮਾਰੀ ਦੇ ਹਾਲਾਤ ਅਤੇ ਇਸ ਦੇ ਸਿਹਤ ਸੰਬੰਧੀ ਅਤੇ ਆਰਥਿਕ ਪ੍ਰਭਾਵ ਨੂੰ ਕਾਬੂ ਕਰਨ ਲਈ ਦੋਵਾਂ ਦੇਸ਼ਾਂ ਦੁਆਰਾ ਚੁੱਕੇ ਜਾ ਰਹੇ ਕਦਮਾਂ ਬਾਰੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਵਰਾਡਕਰ ਨੇ ਆਇਰਲੈਂਡ ਅੰਦਰ ਸੰਕ੍ਰਮਣਾਂ ਨਾਲ ਖਿਲਾਫ ਲੜੀ ਜਾ ਰਹੀ ਜੰਗ ਵਿੱਚ ਭਾਰਤੀ ਮੂਲ ਦੇ ਡਾਕਟਰਾਂ ਅਤੇ ਨਰਸਾਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਨੇ ਆਇਰਲੈਂਡ ਵਿਚ ਮੌਜੂਦ ਭਾਰਤੀ ਨਾਗਰਿਕਾਂ ਦਾ ਧਿਆਨ ਰੱਖਣ ਅਤੇ ਉਨ੍ਹਾਂ ਦੀ ਮਦਦ ਕਰਨ ਲਈ ਪ੍ਰਧਾਨ ਮੰਤਰੀ ਵਰਾਡਕਰ ਦਾ ਧੰਨਵਾਦ ਕੀਤਾ ਅਤੇ ਇਸੇ ਤਰ੍ਹਾਂ ਭਾਰਤ ਅੰਦਰ ਰਹਿ ਰਹੇ ਆਇਰਿਸ਼ ਨਾਗਰਿਕਾਂ ਦੀ ਮਦਦ ਕਰਨ ਦਾ ਵਾਅਦਾ ਕੀਤਾ।

ਦੋਨੋਂ ਆਗੂ ਇਸ ਗੱਲ 'ਤੇ ਸਹਿਮਤ ਸਨ ਕਿ ਮਹਾਂਮਾਰੀ ਖਿਲਾਫ ਵਿਸ਼ਵਵਿਆਪੀ ਜੰਗ ਵਿੱਚ ਹਿੱਸਾ ਪਾਉਣ ਲਈ ਭਾਰਤ ਅਤੇ ਆਇਰਲੈਂਡ ਦਵਾਈਆਂ ਦੇ ਅਤੇ ਮੈਡੀਕਲ ਖੇਤਰਾਂ ਵਿਚ ਆਪਣੀ ਤਾਕਤ ਦਾ ਫਾਇਦਾ ਚੁੱਕ ਸਕਦੇ ਹਨ। ਉਨ੍ਹਾਂ ਨੇ ਕੋਵਿਡ ਤੋਂ ਬਾਅਦ ਦੇ ਹਾਲਾਤ ਵਿੱਚ ਆਇਰਲੈਂਡ ਅਤੇ ਯੂਰਪੀ ਸੰਘ ਨਾਲ ਭਾਰਤ ਦੇ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਸੰਭਾਵਨਾ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ।

ਦੋਨਾਂ ਆਗੂਆਂ ਨੇ ਇਸ ਸੰਕਟ ਦੇ ਪੈਦਾ ਹੋ ਰਹੇ ਪਹਿਲੂਆਂ ਬਾਰੇ ਆਪਸੀ ਸੰਪਰਕ ਵਿੱਚ ਰਹਿਣ ਅਤੇ ਇਕ ਦੂਜੇ ਨਾਲ ਸਲਾਹ ਕਰਨ 'ਤੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ
22 ਅਪ੍ਰੈਲ, 2020

DISCLAIMER: This is an approximate translation. The original is available in English on MEA's website and may be referred to as the official press release.